# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 26-05-2024**

- ਲੋਕਸਭਾ ਚੋਣਾਂ ਦੇ 7ਵੇਂ ਤੇ ਆਖਰੀ ਗੇੜ ਵਿਚ ਪੰਜਾਬ ਵਿਚ ਪਹਿਲੀ ਜੂਨ ਨੂੰ ਹੋਣ ਵਾਲੀ ਵੋਟਿੰਗ ਲਈ, ਹੁਣ ਚੋਣ ਪ੍ਰਚਾਰ ਪੂਰੀ ਤਰ੍ਹਾਂ ਨਾਲ ਭਖਿਆ।
- ਵੱਖ ਵੱਖ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਚੋਣ ਰੈਲੀਆਂ ਤੇ ਰੋਡ ਸ਼ੋਅ ਵਿਚ ਰੁਝੇ ਹੋਏ ਨੇ।
- ਗਰਮੀ ਦੇ ਮੌਜੂਦਾ ਤੇਵਰ ਹੋਰ ਗਰਮ ਹੋਏ, ਹਾਲੇ ਰਾਹਤ ਮਿਲਣ ਦੇ ਕੋਈ ਆਸਾਰ ਨਹੀਂ।
- IPL-2024 ਦਾ ਫਾਈਨਲ ਮੁਕਾਬਲਾ ਕੋਲਕਾਤਾ ਨਾਈਟ ਰਾਈ-ਡਰਜ਼ ਤੇ ਸਨ-ਰਾਈਜ਼ਰਸ ਹੈਦਰਾਬਾਦ ਵਿਚਾਲੇ ਅੱਜ ਖੇਡਿਆ ਜਾਵੇਗਾ।

---

ਪੰਜਾਬ ਵਿਚ ਲੋਕਸਭਾ ਚੋਣਾਂ ਦੇ 7ਵੇਂ ਤੇ ਆਖਰੀ ਗੇੜ ਵਿਚ, ਪਹਿਲੀ ਜੂਨ ਨੂੰ ਹੋਣ ਵਾਲੀ ਵੋਟਿੰਗ ਲਈ ਹੁਣ ਚੋਣ ਪ੍ਰਚਾਰ ਪੂਰੀ ਤਰ੍ਹਾਂ ਨਾਲ

ਭਖ ਗਿਆ ਏ। ਵੱਖ ਵੱਖ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਪ੍ਰਚਾਰ ਵਿਚ ਰੁਝੇ ਹੋਏ ਨੇ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਅੱਜ ਫਤਹਿਗੜ੍ਹ ਸਾਹਿਬ ਅਤੇ ਬਠਿੰਡਾ ਲੋਕਸਭਾ ਹਲਕਿਆਂ ਵਿਚ ਪਾਰਟੀ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ , ਜਦਕਿ ਆਲ ਇੰਡੀਆ ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਵੀ ਫਤਹਿਗੜ੍ਹ ਸਾਹਿਬ ਤੇ ਪਟਿਆਲਾ ਵਿਚ ਚੋਣ ਰੈਲੀਆਂ ਕੀਤੀਆਂ। ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਰਾਬ ਘੋਟਾਲੇ ਵਿਚ ਆਮ ਆਦਮੀ ਪਾਰਟੀ ਦੇ ਕਈ ਆਗੂ ਜੇਲ ਵਿਚ ਗਏ ਨੇ, ਪਰ ਇਸ ਪਾਰਟੀ ਦੇ ਆਗੂਆਂ ਵਿਚ ਕੋਈ ਨੈਤਿਕਤਾ ਨਹੀਂ ਏ ਅਤੇ ਇਨਾਂ ਆਗੂਆਂ ਨੇ, ਆਪਣੇ ਅਹੁਦੇ ਤੋਂ ਵੀ ਇਸਤੀਫ਼ਾ ਨਹੀਂ ਦਿੱਤਾ ਏ। ਉਨਾਂ ਕਿਹਾ ਕਿ ਸਵਾਤੀ ਮਾਲੀਵਾਲ ਦੇ ਮਾਮਲੇ ਵਿਚ ਵੀ, ਅਰਵਿੰਦ ਕੇਜਰੀਵਾਲ ਖਾਮੋਸ਼ ਨੇ ਅਤੇ ਉਨਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਤੇ ਰਹਿਣ ਦਾ ਕੋਈ ਹੱਕ ਨਹੀਂ ਏ। ਰਾਜਨਾਥ ਸਿੰਘ ਨੇ ਕਿਹਾ ਕਿ ਉਹ ਖੁਦ ਇਕ ਕਿਸਾਨ ਪਰਿਵਾਰ ਨਾਲ ਸੰਬੰਧਤ ਨੇ ਅਤੇ ਇਹ ਦਾਅਵੇ ਨਾਲ ਕਹਿ ਸਕਦੇ ਨੇ, ਕਿ ਕੇਂਦਰ ਸਰਕਾਰ ਨੇ ਭਾਰਤ ਸਰਕਾਰ ਨੇ ਕਿਸਾਨਾਂ ਦੇ ਹਿੱਤ ਵਿਚ ਕਈ ਅਹਿਮ ਫੈਸਲੇ ਲਏ ਨੇ। ਯੂਰੀਆ ਅਤੇ ਹੋਰ

ਕੀਟਨਾਸ਼ਕ ਦੁਨੀਆਂ ਭਰ ਵਿਚੋਂ ਸਬ ਤੋਂ ਸਸਤੇ, ਭਾਰਤ ਵਿਚ ਮਿਲ ਰਹੇ ਨੇ।

---------------------------------------------------

ਏਧਰ ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਕਿਸਾਨਾਂ ਦੀ ਧਰਤੀ ਏ, ਕਿਸਾਨਾਂ ਨੇ ਦੇਸ਼ ਨੂੰ ਬਣਾਇਆ, ਕਿਸਾਨਾਂ ਦੀ ਮਿਹਨਤ ਅਤੇ ਖ਼ੂਨ ਪਸੀਨੇ ਨੇ ਦੇਸ਼ ਨੂੰ ਸਿੰਜਿਆ ਤੇ ਆਤਮ ਨਿਰਭਰ ਬਣਾਇਆ । ਉਨਾਂ ਕਿਹਾ ਕਿ ਸਿਆਸਤ ਵਿਚ ਆਜ਼ਾਦੀ ਸੰਗਰਾਮ ਤੋਂ ਲੈ ਕੇ, ਕਿਸਾਨਾਂ ਦਾ ਸਤਿਕਾਰ ਕਰਨ ਦੀ ਇਕ ਰਵਾਇਤ ਰਹੀ ਏ, ਪਰ ਪਿਛਲੇ 10 ਸਾਲਾਂ ਤੋਂ ਕੇਂਦਰ ਵਿਚ ਚੱਲ ਰਹੀ ਸਰਕਾਰ ਵਿਚ, ਕਿਸਾਨਾਂ ਦੇ ਆਦਰ ਦੀਆਂ ਜਿਹੜੀਆਂ ਗੱਲਾਂ ਹੁੰਦੀਆਂ ਨੇ, ਉਹ ਸਿਰਫ਼ ਮੂੰਹ ਬੋਲੀਆਂ ਗੱਲਾਂ ਹੁੰਦੀਆਂ ਨੇ । ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਮੌਜੂਦਾ ਸਰਕਾਰ ਵਿਚ ਅੰਦਰੋਂ ਕਿਸਾਨਾਂ ਪ੍ਰਤੀ ਨਾ ਆਦਰ ਏ, ਨਾ ਸਨਮਾਨ ਏ ਅਤੇ ਨਾ ਹੀ, ਕਿਸਾਨਾਂ ਲਈ ਨੀਤੀਆਂ ਬਣ ਰਹੀਆਂ ਨੇ । ਉਨਾਂ ਕਿਹਾ ਕਿ ਇਹ ਸਰਕਾਰ, ਖਰਬਪਤੀਆਂ ਦੀ ਸਰਕਾਰ ਏ, ਜਿਸਨੇ ਸਾਰੀਆਂ ਨੀਤੀਆਂ ਵੱਡੇ ਸਨਅਤਕਾਰਾਂ ਦੇ ਹੱਕ ਵਿਚ ਹੀ ਬਣਾਈਆਂ ਨੇ ਅਤੇ ਇਕ ਵੀ ਯੋਜਨਾ ਆਮ ਵਰਗ ਲਈ ਨਹੀਂ ਏ।

---------------------------------------------------

ਏਧਰ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਪੰਜਾਬ ਦੌਰੇ ਤੇ ਨੇ ਅਤੇ ਅਗਲੇ ਕੁਝ ਦਿਨਾਂ ਵਿਚ ਸਾਰੇ ਹੀ 13 ਲੋਕਸਭਾ ਹਲਕਿਆਂ ਵਿਚ, ਉਨਾਂ ਵਲੋਂ ਰੈਲੀਆਂ ਤੇ ਰੋਡ ਸ਼ੋ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਏ। ਉਨਾਂ ਅੱਜ ਫਿਰੋਜ਼ਪੁਰ, ਹੁਸ਼ਿਆਰਪੁਰ ਅਤੇ ਬਠਿੰਡਾ ਲੋਕਸਭਾ ਹਲਕਿਆਂ ਵਿਚ ਚੋਣ ਪ੍ਰਚਾਰ ਵਿਚ ਹਿੱਸਾ ਲਿਆ। ਫਿਰੋਜ਼ਪੁਰ ਵਿਚ ਅਰਵਿੰਦ ਕੇਜਰੀਵਾਲ ਨੇ ਵਪਾਰੀਆਂ ਨਾਲ ਮੀਟਿੰਗ ਕੀਤੀ ਅਤੇ ਕਿਹਾ ਕਿ ਵਪਾਰੀ ਦੇਸ਼ ਦੀ ਰੀਡ ਨੇ। ਉਨਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਨੀਤੀਆਂ ਕਾਰਣ ਸੂਬੇ ਵਿਚ 56 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ ਏ। ਉਧਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖਡੂਰ ਸਾਹਿਬ ਅਤੇ ਫਿਰੋਜ਼ਪੁਰ ਲੋਕਸਭਾ ਹਲਕਿਆਂ ਵਿਚ ਚੋਣ ਰੈਲੀਆਂ ਤੇ ਰੋਡ ਸ਼ੋ ਕੀਤੇ। ਉਨਾਂ ਕਿਹਾ ਕਿ ਪੰਜਾਬੀਆਂ ਦੀਆਂ ਆਸਾਂ ਤੇ ਮੌਜੂਦਾ ਸਰਕਾਰ, ਪੂਰੀ ਤਰਾਂ ਨਾਲ ਖਰੀ ਉਤਰੀ ਏ ਅਤੇ ਅੱਜ ਵਿਕਾਸ ਨਵੀਆਂ ਛੋਹਾਂ ਛੂ ਰਿਹਾ ਏ।

---------------------------------------------------

BJP ਆਗੂ ਅਤੇ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਲੁਧਿਆਣਾ ਵਿੱਚ ਬੁੱਧੀਜੀਵੀਆਂ ਤੇ ਕਾਰੋਬਾਰੀਆਂ ਨਾਲ ਸੰਵਾਦ ਪ੍ਰੋਗਰਾਮ ਵਿੱਚ ਹਿੱਸਾ ਲਿਆ । ਉਨਾਂ ਕਿਹਾ ਕਿ ਅਸੀਂ ਸਾਰੇ ਲੋਕਤੰਤਰ ਦੇ ਮਹਾਯੱਗ ਵਿਚ ਹਿੱਸਾ ਲੈਣ ਜਾ ਰਹੇ ਹਾਂ ਅਤੇ ਪਿਛਲੇ 10 ਸਾਲਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਆਪਣਾ ਹਰ ਪਲ, ਦੇਸ਼ ਵਾਸੀਆਂ ਨੂੰ ਸਮਰਪਿਤ ਕੀਤਾ ਏ । ਪ੍ਰਧਾਨ ਮੰਤਰੀ ਮੋਦੀ ਦੇ ਸੰਕਲਪ ਅਤੇ ਅਗਵਾਈ ਦੇ ਅਨੁਸਾਰ, ਐਨ.ਡੀ.ਏ ਗਠਜੋੜ 140 ਕਰੋੜ ਦੇਸ਼ਵਾਸੀਆਂ ਲਈ ਕੰਮ ਕਰਦਾ ਏ । ਉਨਾਂ ਕਿਹਾ ਕਿ ਅੱਜ ਹਰ ਭਾਰਤੀ ਦਾ ਸਨਮਾਨ ਅਤੇ ਸਵੈ-ਮਾਣ ਦੁਨੀਆ ਭਰ ਵਿੱਚ ਵਧਿਆ ਏ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਵੀ ਮਾਣ ਮਹਿਸੂਸ ਕਰ ਰਹੇ ਨੇ । ਅੱਜ ਭਾਰਤ ਦੇ ਵਿਚਾਰਾਂ ਨੂੰ ਦੁਨੀਆ ਵਿੱਚ ਗੰਭੀਰਤਾ ਨਾਲ ਸੁਣਿਆ ਜਾਂਦਾ ਏ ।

---

ਪੰਜਾਬ ਦੇ ਮੁੱਖ ਚੋਣ ਅਫ਼ਸਰ ਸਿਬਿਨ ਸੀ ਨੇ ਅਜ ਸਵੇਰੇ ਮੋਹਾਲੀ ਫੇਜ਼ 4 ਤੋਂ ਇੱਕ ਵਾਕਾਥੌਨ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਇਸ ਵਿੱਚ ਚੋਣਾਂ ਵਿੱਚ ਸਰਗਰਮ ਭਾਗੀਦਾਰੀ ਦੀ ਮਹੱਤਤਾ ਦੇ ਨਾਲ-ਨਾਲ ਇੱਕ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਜਾਗਰੂਕਤਾ ਪੈਦਾ

ਕਰਨ ਦਾ ਸਨੇਹਾ ਦਿੱਤਾ ਗਿਆ ਉਹਨਾਂ ਸਾਰਿਆਂ ਨੂੰ ਇੱਕ ਜੂਨ ਨੂੰ ਵਧ ਚੜ ਕੇ ਵੋਟ ਕਰਨ ਦੀ ਅਪੀਲ ਕੀਤੀ।

---------------------------------------------------

ਪੰਜਾਬ ਵਿਚ ਪਿਛਲੇ ਕਈ ਦਿਨਾਂ ਤੋਂ ਜਬਰਦਸਤ ਕਹਿਰ ਢਾ ਰਹੀ ਝੁਲਸਾ ਦੇਣ ਵਾਲੀ ਗਰਮੀ ਦਾ ਜ਼ੋਰ ਹੁਣ ਹੋਰ ਵਧ ਰਿਹਾ ਏ। ਸਵੇਰ ਤੋਂ ਹੀ ਹਰ ਪਾਸਾ ਭੱਠੀ ਵਾਂਗ ਤਪਣਾ ਸ਼ੁਰੂ ਹੋ ਜਾਂਦਾ ਏ। ਇਸ ਨਾਲ ਜਾਨ ਜੀਵਨ ਬੁਰੀ ਤਰਾਂ ਨਾਲ ਪ੍ਰਭਾਵਤ ਹੋਇਆ ਏ। ਆਮ ਲੋਕ ਖਾਸ ਤੌਰ ਤੇ ਮਜਦੂਰ ਤੇ ਦਿਹਾੜੀ ਲਗਾ ਕੇ ਹੋਰ ਕੰਮਕਾਰ ਕਰਨ ਵਾਲੇ ਬੇਹੱਦ ਹੀ ਪਰੇਸ਼ਾਨ ਨੇ। ਮੌਸਮ ਵਿਭਾਗ ਨੇ 29 ਮਈ ਤਕ ਲਈ ਸੂਬੇ ਦੇ ਵੱਖ ਹਿੱਸਿਆਂ ਵਿਚ ਗਰਮੀ ਤੇ ਲੂ ਸੰਬੰਧੀ ਯੈਲੋ, ਓਰੇਂਜ ਤੇ ਰੇਡ ਅਲਰਟ ਜਾਰੀ ਕੀਤਾ ਏ। ਤਾਪਮਾਨ ਦੇ ਹਿਸਾਬ ਨਾਲ ਜ਼ਿਲ੍ਹਾ ਫਰੀਦਕੋਟ ਦਾ ਤਾਪਮਾਨ ਅੱਜ ਸਬ ਤੋਂ ਵੱਧ 47.4 ਡਿਗਰੀ ਸੈਲਸੀਅਸ ਰਿਹਾ। ਏਧਰ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਲੂ ਦੇ ਇਸ ਗੰਭੀਰ ਹਾਲਾਤ ਨੂੰ ਵੇਖਦਿਆਂ, ਲੋਕਾਂ ਨੂੰ ਪੂਰੀ ਸਾਵਧਾਨੀ ਵਰਤਣ, ਪਾਣੀ ਜਾਂ ORS ਘੋਲ ਲਗਾਤਾਰ ਪੀਂਦੇ ਰਹਿਣ, ਜਰੂਰੀ ਹੋਣ ਤੇ ਹੀ ਘਰੋਂ ਬਾਹਰ

ਨਿਕਲਣ, ਖਾਸਤੌਰ ਤੇ ਸਿੱਧੀ ਧੁੱਪ ਵਿਚ ਬਾਹਰ ਨਿਕਲਣ ਤੋਂ ਬਚਣ, ਛਾਂ ਵਿੱਚ ਰਹਿਣ ਅਤੇ ਸਵੇਰੇ 11 ਤੋਂ ਸ਼ਾਮ 4 ਵਜੇ ਤਕ ਬਾਹਰ ਜਾਣ ਤੋਂ ਪਰਹੇਜ ਕਰਨ ਦੀ ਸਲਾਹ ਦਿੱਤੀ ਏ।

---------------------------------------------------------

ਬੀ. ਐਸ. ਐਫ. ਦੇ ਜਵਾਨਾ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਸਰਹੱਦੀ ਖੇਤਰ ਦੇ ਅਗਵਾਨ ਪਿੰਡ ’ਚ ਇੱਕ ਡਰੋਨ ਦੀ ਆਵਾਜ਼ ਸੁਣਦਿਆਂ ਹੀ, ਤੁਰੰਤ ਜਵਾਬੀ ਕਾਰਵਾਈ ਕਰਦਿਆਂ ਡਰੋਨ ਦਾ ਪਤਾ ਲਗਾਉਣ ਲਈ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ । ਅੱਜ ਸਵੇਰੇ ਕੋਈ 5 ਵੱਜਕੇ 20 ਮਿੰਟ ਦੇ ਕਰੀਬ ਜਵਾਨਾਂ ਨੇ ਪਿੰਡ ਦੇ ਅਗਵਾਨ ਚੌਕ ਨੇੜੇ ਸ਼ੱਕੀ ਹੈਰੋਇਨ ਦੇ ਕਰੀਬ 11 ਕਿਲੋ 36 ਗ੍ਰਾਮ ਵਜਨ ਦੇ 2 ਪੈਕੇਟ ਬਰਾਮਦ ਕੀਤੇ । ਨਸ਼ੀਲੇ ਪਦਾਰਥਾਂ ਨੂੰ ਪੀਲੇ ਰੰਗ ਦੀ ਚਿਪਕਣ ਵਾਲੀ ਟੇਪ ਵਿਚ ਲਪੇਟਿਆ ਗਿਆ ਸੀ ਅਤੇ ਹਰ ਇੱਕ ਪੈਕੇਟ ਵਿਚ ਸੁਧਾਰੀ ਨਾਈਲੋਨ ਦੀਆਂ ਰਿੰਗਾਂ ਜੁੜੀਆਂ ਹੋਈਆਂ ਸਨ । ਜਾਂਚ ਕਰਨ 'ਤੇ ਅੰਦਰੋਂ ਸ਼ੱਕੀ ਹੈਰੋਇਨ ਦੇ 15 ਛੋਟੇ ਚਿੱਟੇ ਪਾਰਦਰਸ਼ੀ ਪੋਲੀ-ਪੈਕ ਮਿਲੇ। ਇਸ ਦੌਰਾਨ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈਟਵਰਕ ਖਿਲਾਫ਼ ਵੱਡੀ ਸਫਲਤਾ ਹਾਸਲ ਕਰਦਿਆਂ, ਫਾਜ਼ਿਲਕਾ ਪੁਲਿਸ ਨੇ BSF ਨਾਲ ਇਕ ਸਾਂਝੇ ਆਪ੍ਰੇਸ਼ਨ ਦੌਰਾਨ ਕੌਮਾਂਤਰੀ ਨਾਰਕੋ ਤਸਕਰੀ

ਮਾਡਿਊਲ ਦੇ ਸੱਤ ਨਸ਼ਾ ਤਸਕਰਾਂ ਨੂੰ 5 ਕਿਲੋ 47 ਗ੍ਰਾਮ ਸ਼ੁੱਧ ਹੈਰੋਇਨ ਅਤੇ ਇਕ ਲੱਖ 7 ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ, ਇਸ ਮਡਿਊਲ ਦਾ ਪਰਦਾਫਾਸ਼ ਕੀਤਾ ਏ। DGP ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ 40 ਅਣਚਲੇ ਕਾਰਤੂਸ, ਛੇ ਮੋਬਾਈਲ ਫ਼ੋਨ ਅਤੇ ਸੋਨਾ ਤੇ ਚਾਂਦੀ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਕਾਰ ਤੇ ਤਿੰਨ ਮੋਟਰ ਸਾਈਕਲ ਵੀ ਜ਼ਬਤ ਕੀਤੇ ਨੇ।

---------------------------------------------------------------

ਇੰਡੀਅਨ ਪ੍ਰੀਮੀਅਰ ਲੀਗ IPL 2024 ਦਾ ਫਾਈਨਲ ਮੁਕਾਬਲਾ ਅੱਜ ਕੋਲਕਾਤਾ ਨਾਈਟ ਰਾਈਡਰਜ਼ ਅਤੇ ਸਨ-ਰਾਈਜ਼ਰਸ ਹੈਦਰਾਬਾਦ ਵਿਚਾਲੇ ਖੇਡਿਆ ਜਾਵੇਗਾ । ਇਹ ਮੈਚ MA ਚਿਦੰਬਰਮ ਸਟੇਡੀਅਮ ਚੇਨਈ ਵਿੱਚ ਸਾਢੇ 7 ਵਜੇ ਸ਼ੁਰੂ ਹੋਵੇਗਾ। ਇਨ੍ਹਾਂ ਦੋਵਾਂ ਟੀਮਾਂ ਵਿਚਾਲੇ ਇਸ ਸੈਸ਼ਨ ਦਾ ਕੁਆਲੀ-ਫਾਇਰ ਇਕ ਵੀ ਖੇਡਿਆ ਗਿਆ ਸੀ, ਜਿਸ ਵਿਚ ਕੋਲਕਾਤਾ ਨੇ 8 ਵਿਕਟਾਂ ਨਾਲ ਜਿੱਤ ਦਰਜ ਕੀਤੀ ਸੀ। ਕੋਲਕਾਤਾ ਅਤੇ ਹੈਦਰਾਬਾਦ ਪਹਿਲੀ ਵਾਰ ਫਾਈਨਲ ਵਿੱਚ ਆਹਮੋ-ਸਾਹਮਣੇ ਹੋਣਗੇ। ਇਸ ਤੋਂ ਪਹਿਲਾਂ ਕੋਲਕਾਤਾ ਨੇ 2014 ਅਤੇ ਸਨ-ਰਾਈਜ਼ਰਸ ਹੈਦਰਾਬਾਦ ਨੇ 2016 ਵਿਚ ਇਹ ਖਿਤਾਬ ਜਿੱਤਿਆ ਸੀ।